www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 27 ਜੁਲਾਈ, 2010 ਮੰਗਲਵਾਰ • 12 ਸਾਵਣ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 105 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011

ਸ਼ਹਿਰ ਤੇ ਆਸ ਪਾਸ
ਮਾਲਕ ਵੱਲੋਂ ਕਿਰਾਏਦਾਰ ਦਾ ਕਤਲ 3

ਸੰਪਾਦਕੀ
ਦੇਸ਼ ਦੀਆਂ ਆਰਥਿਕ ਚੁਣੌਤੀਆਂ 4

ਦੇਸ਼ ਦੁਨੀਆਂ
ਬੋਹਾ, ਬੁਢਲਾਡਾ ਵਿਸ਼ੇਸ਼ ਸਪਲੀਮੈਂਟ 8

## ਮੁੰਬਈ ਧਮਾਕਿਆਂ ਦੀ ਸੁਣਵਾਈ ਜਨਵਰੀ ਤੋਂ

ਨਵੀਂ ਦਿੱਲੀ, 26 ਜੁਲਾਈ (ਵਿਸ਼ਵ ਵਾਰਤਾ)- ਸੁਪਰੀਮ ਕੋਰਟ ਨੇ 1993 ਵਿੱਚ ਮੁੰਬਈ ਵਿੱਚ ਹੋਏ ਲੜੀਵਾਰ ਧਮਾਕਿਆਂ ਦੇ ਦੋਸ਼ੀਆਂ ਖ਼ਿਲਾਫ ਅਪੀਲੀ ਕਾਰਵਾਈ 'ਤੇ 11 ਜਨਵਰੀ 2011 ਤੋਂ ਸੁਣਵਾਈ ਕਰਨ ਦਾ ਅੱਜ ਫੈਸਲਾ ਕੀਤਾ ਹੈ। ਜੱਜ ਪੀ. ਸਤਸ਼ਿਵਮ ਅਤੇ ਬੀ.ਐਸ. ਚੌਹਾਨ ਦੇ ਇੱਕ ਬੈਂਚ ਨੇ ਦੋਸ਼ੀਆਂ ਨੂੰ ਸਜ਼ਾ ਵਿੱਚ ਵਾਧਾ ਕੀਤੇ ਜਾਣ ਦੀ ਸੀ.ਬੀ.ਆਈ. ਦੀ ਅਪੀਲ 'ਤੇ ਦੋਸ਼ੀਆਂ ਨੂੰ ਨੋਟਿਸ ਵੀ ਜਾਰੀ ਕੀਤਾ। ਹਾਲਾਂਕਿ, ਬੈਂਚ ਨੇ ਸੋਲੀਸੀਟਰ ਜਨਰਲ ਗੋਪਾਲ ਸੁਬਰਮਣਯਮ ਤੋਂ ਇਹ ਜਾਣਨਾ ਚਾਹਿਆ ਕਿ ਸਜ਼ਾ ਦੇ ਸਮਾਂ ਵਿੱਚ ਵਾਧੇ ਲਈ ਅਪੀਲ ਦਾਇਰ ਕਰਨ ਵਿੱਚ 880 ਦਿਨਾਂ ਦੀ ਦੇਰ ਕਿਉਂ ਹੋਈ ਹੈ ? ਸੁਬਰਮਣਯਮ ਨੇ ਅਪੀਲ ਦਾਇਰ ਕਰਨ ਵਿੱਚ ਬਹੁਤ ਦੇਰ ਹੋਣ ਦੀ ਗੱਲ ਨੂੰ ਸਵੀਕਾਰ ਕਰਦਿਆਂ ਇਸ ਲਈ ਵਿਸ਼ੇਸ਼ ਟਾਡਾ ਅਦਾਲਤ ਦੇ 4300 ਪੰਨਿਆਂ ਦੇ ਫੈਸਲੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਟਾਡਾ ਅਦਾਲਤ ਨੇ ਮੁੰਬਈ ਧਮਾਕਿਆਂ ਦੇ ਮਾਮਲੇ ਵਿੱਚ 100 ਲੋਕਾਂ ਨੂੰ ਦੋਸੀ ਠਹਿਰਾਇਆ ਗਿਆ ਸੀ। ਦੋਸ਼ ਠਹਿਰਾਏ ਗਏ ਲੋਕਾਂ ਵਿੱਚ ਬਾਲੀਵੁੱਡ ਅਭਿਨੇਤਾ ਸੰਜੇ ਦੱਤ ਵੀ ਸ਼ਾਮਲ ਸਨ ਜਿਹਨਾਂ ਨੂੰ ਸ਼ਸ਼ਤਰ ਐਕਟ ਤਹਿਤ 6 ਸਾਲ ਦੀ ਜੇਲ ਦੀ ਸਜ਼ਾ ਸੁਣਾਈ ਗਈ ਸੀ। ਜ਼ਿਕਰਯੋਗ ਹੈ ਕਿ ਇਹਨਾਂ ਲੜੀਵਾਰ ਧਮਾਕਿਆਂ ਵਿੱਚ 257 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ 700 ਤੋਂ ਜ਼ਿਆਦਾ ਜ਼ਖਮੀ ਹੋ ਗਏ ਸਨ।

## ਸੰਸਦ ਦਾ ਮਾਨਸੂਨ ਸੈਸ਼ਨ ਸ਼ੁਰੂ

### ਦੋਨਾਂ ਸਦਨਾਂ 'ਚ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀਆਂ

ਨਵੀਂ ਦਿੱਲੀ, 26 ਜੁਲਾਈ (ਵਿਸ਼ਵ ਵਾਰਤਾ)-ਸੰਸਦ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਅੱਜ ਲੋਕ ਸਭਾ ਅਤੇ ਰਾਜ ਸਭਾ ਦੀਆਂ ਬੈਠਕਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਦਿਨ ਭਰ ਲਈ ਮੁਲਤਵੀ ਕਰ ਦਿੱਤੀਆਂ ਗਈਆਂ। ਮਾਨਸੂਨ ਸੈਸ਼ਨ ਤੋਂ ਪਹਿਲਾਂ ਦੋਨਾਂ ਸਦਨਾਂ ਵਿਚ ਜਹਾਜ਼ ਅਤੇ ਟ੍ਰੇਨ ਹਾਦਸਿਆਂ ਅਤੇ ਮਾਓਵਾਦੀ ਹਮਲਿਆਂ ਵਿਚ ਮਾਰੇ ਗਏ ਲੋਕਾਂ ਨੂੰ ਵੀ ਮੈਂਬਰਾਂ ਨੇ ਸ਼ਰਧਾਂਜਲੀ ਦਿੱਤੀ। ਲੋਕ ਸਭਾ ਨੇ ਅੱਜ ਆਪਣੇ ਮੌਜੂਦਾ ਵਰਤਮਾਨ ਮੈਂਬਰ ਦਿਗਵਿਜੈ ਸਿੰਘ ਅਤੇ ਸਾਬਕਾ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ ਸਮੇਤ ਤਿੰਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਬਾਅਦ ਸਦਨ ਦੀ ਬੈਠਕ ਦਿਨ ਭਰ ਲਈ ਮੁਲਤੱਵੀ ਕਰ ਦਿੱਤੀ ਗਈ। ਸੰਸਦ ਦੇ ਮਾਨਸੂਨ ਸ਼ੈਸ਼ਨ ਦੇ ਪਹਿਲੇ ਦਿਨ ਸਵੇਰੇ ਸਦਨ ਦੀ ਬੈਠਕ ਸ਼ੁਰੂ ਹੋਣ 'ਤੇ ਸਪੀਕਰ ਮੀਰਾ ਕੁਮਾਰ ਨੇ ਭੈਰੋਂ ਸਿੰਘ ਸ਼ੇਖਾਵਤ, ਦਿਗਵਿਜੈ ਸਿੰਘ ਅਤੇ ਰਾਮ ਸਾਗਰ ਦੇ ਦੇਹਾਂਤ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਮੈਂਬਰਾਂ ਨੇ ਆਪਣੀ ਜਗ੍ਹਾ 'ਤੇ ਖੜ੍ਹੇ ਹੋ ਕੁਝ ਮਿੰਟ ਦਾ ਮੌਨ ਰੱਖਦੇ ਹੋਏ ਮਰਹੂਮ ਨੇਤਾਵਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਵਿਚ ਹੜ੍ਹਾਂ ਦਾ ਜ਼ਿਕਰ ਕੀਤਾ, ਜਿਸ ਵਿਚ 51 ਲੋਕਾਂ ਦੀ ਮੌਤ ਹੋ ਗਈ ਸੀ। ਇਸ ਦੇ ਨਾਲ ਲੋਕ ਸਭਾ ਵਿਚ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਕਿਹਾ ਕਿ ਅੱਜ ਕਾਰਗਿਲ ਯੁੱਧ ਵਿਚ ਭਾਰਤ ਦੀ ਜਿੱਤ ਦੀ 11ਵੀਂ ਵਰ੍ਹੇਗੰਢ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮੌਕੇ 'ਤੇ ਅਸੀਂ ਉਨ੍ਹਾਂ ਸਹੀਦਾਂ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਦੂਸਰੇ ਪਾਸੇ ਰਾਜ ਸਭਾ ਵਿਚ ਉਪ ਚੇਅਰਮੈਨ ਹਾਮਿਦ ਅੰਸਾਰੀ ਨੇ ਸ਼ੇਖਾਵਤ ਅਤੇ ਦਿਗਵਿਜੇ ਸਿੰਘ ਅਤੇ ਵਰਤਮਾਨ ਮੈਂਬਰ ਭਾਟੀਆ ਅਤੇ ਸਾਬਕਾ ਮੈਂਬਰ ਕ੍ਰਿਸ਼ਨਾਸਵਾਮੀ ਨੂੰ ਸ਼ਰਧਾਂਜਲੀ ਦਿੱਤੀ ਗਈ। ਬਾਅਦ ਵਿਚ ਸਦਨ ਦੀ ਕਾਰਵਾਈ ਦਿਨ ਭਰ ਲਈ

## ਜਥੇ: ਅਵਤਾਰ ਸਿੰਘ ਮੱਕੜ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨਾਲ ਵਿਸ਼ੇਸ਼ ਮੁਲਾਕਾਤ

### ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਵੱਡਾ ਸਹਿਯੋਗ ਮੰਗਿਆ

ਜਲੰਧਰ, 26 ਜੁਲਾਈ (ਮਲਕੀਤ ਸਿੰਘ ਬਰਾੜ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਹੁਰਾਂ ਨਾਲ ਵਿਸ਼ੇਸ਼ ਮੁਲਾਕਾਤ ਕਰਦਿਆਂ ਉਨ੍ਹਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਚਲਾਈ ਜਾ ਰਹੀ ਧਰਮ ਪ੍ਰਚਾਰ ਲਹਿਰ ਵਿੱਚ ਮਦਦ ਦੀ ਮੰਗ ਕੀਤੀ ਹੈ। ਅੱਜ ਜਲੰਧਰ ਵਿੱਚ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਦੇ ਨਿਵਾਸ ਵਿਖੇ ਪੁੱਜੇ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸਿੰਘ ਸਾਹਿਬ ਹੁਰਾਂ ਨੂੰ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਧਰਮ ਪ੍ਰਚਾਰ ਦੀ ਮੁਹਿਮ ਵਿੱਚ ਕਾਫੀ ਤੇਜ਼ੀ ਲਿਆਂਦੀ ਹੈ, ਪ੍ਰੰਤੂ ਇਸ ਖੇਤਰ ਵਿੱਚ ਹਾਲੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਰੋਜ਼ਾਨਾ 'ਅੱਜ ਦੀ ਆਵਾਜ਼' ਦੇ ਸੰਪਾਦਕ ਸ੍. ਬਲਜੀਤ ਸਿੰਘ ਬਰਾੜ ਦੀ ਹਾਜ਼ਰੀ ਵਿੱਚ ਹੋਈ ਮੁਲਾਕਾਤ ਦੌਰਾਨ ਜਥੇਦਾਰ ਮੱਕੜ ਨੇ ਸਿੰਘ ਸਾਹਿਬ ਨੂੰ ਕਿਹਾ ਕਿ ਉਨ੍ਹਾਂ ਵੱਲੋਂ ਸਿੱਖੀ ਪ੍ਰਚਾਰ ਅਤੇ ਚੇਤਨਾ ਲਈ ਪੰਜਾਬ ਦੇ ਪਿੰਡ-ਪਿੰਡ ਜਾਣ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਕੀਤੇ ਖਾਲਸਾ ਨਿਆਰਾਪਣ ਮਾਰਚ ਦਾ ਸੰਗਤਾਂ ਵਿੱਚ ਵਿਆਪਕ ਅਸਰ ਦੇਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੀ ਅਜਿਹੀ ਹੀ ਧਰਮ ਪ੍ਰਚਾਰ ਦੀ ਲਹਿਰ ਚਲਾਉਣਾ ਚਾਹੁੰਦੀ ਹੈ, ਜਿਸ ਲਈ ਉਨ੍ਹਾਂ ਨੇ ਸਿੰਘ ਸਾਹਿਬ ਤੋਂ ਸੇਵਾਵਾਂ ਦੀ ਮੰਗ ਕੀਤੀ। ਜਥੇਦਾਰ ਮੱਕੜ ਨੇ ਕਿਹਾ ਕਿ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਹੋਰ ਸੰਤ ਮਹਾਂਪੁਰਸ਼ ਸ਼੍ਰੋਮਣੀ ਕਮੇਟੀ ਨੂੰ ਧਰਮ ਪ੍ਰਚਾਰ ਦੇ ਕੰਮਾਂ ਵਿੱਚ ਵੱਡਾ ਸਹਿਯੋਗ ਦੇਣਗੇ ਤਾਂ ਉਨ੍ਹਾਂ ਦਾ ਇਹ ਸਹਿਯੋਗ ਸ਼੍ਰੋਮਣੀ ਕਮੇਟੀ ਦੇ ਕੰਮ ਕਾਜ ਨੂੰ ਹੋਰ ਵਧੇਰੇ ਵਿਸ਼ਾਲਤਾ ਦੇਵੇਗਾ। ਇਸ ਮੌਕੇ ਜਥੇਦਾਰ ਮੱਕੜ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਮੁੱਖ ਕਾਰਜ ਖੇਤਰ ਸਿੱਖੀ ਅਤੇ ਸਿੱਖ ਧਰਮ ਦੇ ਪ੍ਰਚਾਰ ਨੂੰ (ਬਾਕੀ ਸਫਾ 2 'ਤੇ)

ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨਾਲ ਧਰਮ ਪ੍ਰਚਾਰ ਦੇ ਕਾਰਜਾਂ ਵਿਚ ਸਹਿਯੋਗ ਲੈਣ ਲਈ ਡੂੰਘੀ ਵਿਚਾਰ-ਚਰਚਾ ਕਰਦੇ ਹੋਏ। ਤਸਵੀਰ ਵਿਚ ਉਨ੍ਹਾਂ ਨਾਲ 'ਅੱਜ ਦੀ ਆਵਾਜ਼' ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ, ਅਕਾਲੀ ਦਲ ਬਾਦਲ ਜਲੰਧਰ ਸ਼ਹਿਰੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਚੰਨੀ ਅਤੇ ਅਕਾਲੀ ਆਗੂ ਭਾਈ ਰਾਜਿੰਦਰ ਸਿੰਘ ਵੀ ਦਿਖਾਈ ਦੇ ਰਹੇ ਹਨ। ਤਸਵੀਰਾਂ: ਕੁਲਦੀਪ ਸਿੰਘ

## ਦੋਵਾਂ ਰਾਜਾਂ ਵਿੱਚ ਕਾਂਗਰਸ ਪ੍ਰਧਾਨ ਦੀ ਚੋਣ ਨਹੀਂ ਹੋ ਸਕੀ

ਚੰਡੀਗੜ੍ਹ, 26 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਅਤੇ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀਆਂ ਦੇ ਪ੍ਰਧਾਨਾਂ ਦੀ ਚੋਣ ਜੋ ਕੱਲ੍ਹ ਰਾਤ 25 ਜੁਲਾਈ ਨੂੰ ਹੋਣੀ ਸੀ, ਉਹ ਕੱਲ੍ਹ ਦੇਰ ਰਾਤ ਤੱਕ ਵੀ ਨਹੀਂ ਚੋਣ ਹੋ ਸਕੀ, ਕਿਉਂਕਿ ਦੋਵੇਂ ਰਾਜਾਂ ਦੇ ਕਾਂਗਰਸ ਪ੍ਰਧਾਨਾਂ ਦੇ ਚੋਣਾਂ ਕਰਵਾਉਣ ਵਾਲੇ ਡੈਲੀਗੇਟਾਂ ਦੀ ਅਜੇ ਤੱਕ ਚੋਣ ਨਹੀਂ ਹੋ ਸਕੀ। ਜਾਣਕਾਰ ਸੂਤਰਾਂ ਮੁਤਾਬਕ ਦੋਵਾਂ ਰਾਜਾਂ ਦੀਆਂ ਕਾਂਗਰਸ ਕਮੇਟੀਆਂ ਨੇ ਸੰਗਠਨ ਚੋਣਾਂ ਕਰਵਾਉਣ ਵਾਲੇ ਨਿਯੁਕਤ ਸਰਵੇਖਣ ਪੰਜਾਬ ਲਈ ਸ੍ਰੀਮਤੀ ਊਸ਼ਾ ਠੱਕਰ ਅਤੇ ਹਰਿਆਣਾ ਲਈ ਰਾਜੂ ਭਾਈ ਦੋਵੇਂ ਹੀ ਅੱਜ ਤੱਕ ਦਿੱਲੀ ਵਿੱਚ ਡੇਰੇ ਲਗਾਈ ਬੈਠੇ ਹਨ। ਉਹ ਦੋਵੇਂ ਰਾਜਾਂ ਦੇ ਕਾਂਗਰਸ ਪ੍ਰਧਾਨਾਂ ਦੀ ਚੋਣ ਸਰਵ ਸੰਮਤੀ ਨਾਲ ਕਰਵਾਉਣ ਲਈ ਆਪਣੀਆਂ ਅੰਦਰੋਂ ਖਾਤੇ ਕੋਸ਼ਿਸ਼ਾਂ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਇਸ ਸਬੰਧ ਵਿੱਚ ਚੋਣ ਕਰਵਾਉਣ ਦੇ ਲਈ ਕਾਗਜੀ ਕਾਰਵਾਈ ਅੰਦਰ ਖਾਤੇ ਜਾਰੀ ਹੈ। ਪਹਿਲਾਂ ਚੋਣਾਂ ਲਈ ਪ੍ਰੋਗਰਾਮ ਉਲੀਕਿਆ ਗਿਆ ਸੀ। ਉਸ ਮੁਤਾਬਕ 25 ਜੁਲਾਈ (ਬਾਕੀ ਸਫਾ 2 'ਤੇ)

## ਸਰਨਾ ਨੂੰ 7 ਅਗਸਤ ਨੂੰ ਮੁੜ ਹਾਜ਼ਰ ਹੋਣ ਦਾ ਆਦੇਸ਼

### ਉਦੋਂ ਤੱਕ ਦੋਵਾਂ ਧਿਰਾਂ ਨੂੰ ਕੋਈ ਬਿਆਨਬਾਜ਼ੀ ਕਰਨ 'ਤੇ ਰੋਕ

ਅੰਮ੍ਰਿਤਸਰ, 26 ਜੁਲਾਈ (ਮੋਤਾ ਸਿੰਘ)-ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਗਿਆਨੀ ਗੁਰਬਚਨ ਸਿੰਘ ਜੀ ਜਥੇਦਾਰ ਦੀ ਪ੍ਰਧਾਨਗੀ ਹੇਠ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿੱਚ ਸਰਨਾ ਭਰਾਵਾਂ ਦੀ ਪੁੱਜੀ ਚਿੱਠੀ ਤੇ ਵਿਚਾਰ ਕਰਨ ਉਪਰੰਤ 7 ਅਗਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜਣ ਦਾ ਆਦੇਸ਼ ਦਿੱਤਾ ਹੈ। ਮੀਟਿੰਗ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍. ਪਰਮਜੀਤ ਸਿੰਘ ਸਰਨਾ ਦੀ ਪੁੱਜੀ ਲਿਖਤੀ ਚਿੱਠੀ ਜੋ ਨੁਮਾਇੰਦੇ ਵਜੋਂ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਸ੍. ਹਰਭਜਨ ਸਿੰਘ ਵਾਲੀਆ ਲੈ ਕੇ ਪੁੱਜੇ ਅਤੇ ਸੀਨੀਅਰ ਵਕੀਲ ਸ੍. ਹਰਵਿੰਦਰ ਸਿੰਘ (ਬਾਕੀ ਸਫਾ 2 'ਤੇ)

## ਕਰੰਟ ਲੱਗਣ ਨਾਲ ਪ੍ਰਵਾਸੀ ਮਜ਼ਦੂਰ ਦੀ ਮੌਤ

ਕੋਟਕਪੂਰਾ, 26 ਜੁਲਾਈ (ਵਿਸ਼ਵ ਵਾਰਤਾ)- ਮੌਤ ਇੰਜ ਵੀ ਆਉਂਦੀ ਹੈ ਦੀ ਕਹਾਵਤ ਉਸ ਮੌਕੇ ਇਕ ਪ੍ਰਵਾਸੀ ਮਜ਼ਦੂਰ ਉੱਪਰ ਢੁਕਦੀ ਨਜ਼ਰ ਆਈ, ਜਦੋਂ ਉਹ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਮਜਦੂਰੀ ਖਾਤਰ ਪੰਜਾਬ 'ਚ ਝੋਨਾ ਲਾਉਣ ਲਈ ਆਇਆ ਤੇ ਕਰੰਟ ਲੱਗਣ ਨਾਲ ਮੌਤ ਦੇ ਮੂੰਹ 'ਚ ਜਾ ਪਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਵਾਸੀ ਮਜ਼ਦੂਰ ਪਾਸਵਾਨ ਬਿਹਾਰ ਤੋਂ ਪਿਛਲੇ ਦਿਨੀਂ ਪੰਜਾਬ ਆਇਆ ਸੀ ਤੇ ਉਹ ਨੇੜਲੇ ਪਿੰਡ ਵਾਂਦਰ ਜਟਾਣਾ ਵਿਖੇ ਕਿਸਾਨ ਜਗਦੇਵ ਸਿੰਘ ਪੁੱਤਰ ਜਸਵੀਰ ਸਿੰਘ ਦੇ ਖੇਤ ਵਿਖੇ ਝੋਨਾ ਲਾ ਰਿਹਾ ਸੀ ਕਿ ਜਦੋਂ ਉਹ ਇਕ ਬਿਜਲੀ ਦੀ ਡਿੱਗੀ ਤਾਰ ਕੋਲੋਂ (ਬਾਕੀ ਸਫਾ 2 'ਤੇ)

## ਧਾਰਮਿਕ ਮੁੱਦੇ 'ਤੇ ਪਿੰਡ ਮੰਨਣ ਵਿਖੇ ਹਿੰਸਕ ਟਕਰਾਅ, ਦਰਜਨਾਂ ਜ਼ਖ਼ਮੀ

ਜਲੰਧਰ, 26 ਜੁਲਾਈ (ਸਰਬਜੀਤ ਵਾਲੀਆ)-ਡੇਰਾ ਸੱਚ ਖੰਡ ਬੱਲਾਂ ਦੇ ਨੇੜੇ ਪਿੰਡ ਮੰਨਣ ਵਿਖੇ ਬੀਤੀ ਰਾਤ ਸ਼ੁਰੂ ਹੋਇਆ ਜਾਤੀ ਟਕਰਾਅ ਅੱਜ ਹਿੰਸਕ ਰੂਪ ਧਾਰ ਗਿਆ। ਝਗੜੇ ਦਾ ਕਾਰਨ ਦਲਿਤ ਭਾਈਚਾਰੇ ਵੱਲੋਂ ਗੁਰੂ ਰਵਿਦਾਸ ਮੰਦਰ ਵਿੱਚ ਅੰਮ੍ਰਿਤ ਬਾਣੀ ਧਾਰਮਿਕ ਗ੍ਰੰਥ ਰੱਖਣ ਨੂੰ ਲੈ ਕੇ ਬਣਿਆ। ਪਿੰਡ ਦੇ ਬਹੁ ਗਿਣਤੀ ਲੋਕਾਂ ਨੇ ਮੰਦਰ ਵਿੱਚ ਇਸ ਗ੍ਰੰਥ ਨੂੰ ਰੱਖਣ ਦਾ ਵਿਰੋਧ ਕੀਤਾ ਜਿਸ ਕਰਕੇ ਦੋਵਾਂ ਧਿਰਾਂ ਵਿੱਚ ਟਕਰਾਅ ਦੌਰਾਨ (ਬਾਕੀ ਸਫਾ 2 'ਤੇ)

## ਸ਼ਿੰਦੇ ਵਲੋਂ ਪੰਜਾਬ ਲਈ ਝੋਨੇ ਸੀਜ਼ਨ ਦੌਰਾਨ ਅਨ-ਐਲੋਕੇਟਿਡ ਕੇਂਦਰੀ ਖੇਤਰ ਪਾਵਰ ਵਿੱਚੋਂ 345 ਮੈਗਾਵਾਟ ਬਿਜਲੀ ਦੇਣ ਲਈ ਹਰੀ ਝੰਡੀ

ਚੰਡੀਗੜ੍ਹ/ਨਵੀਂ ਦਿੱਲੀ, 26 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਕੇਂਦਰੀ ਬਿਜਲੀ ਮੰਤਰੀ ਸ੍ਰੀ ਸੁਸੀਲ ਕੁਮਾਰ ਸ਼ਿੰਦੇ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਝੋਨੇ ਦੇ ਸੀਜ਼ਨ ਲਈ ਖੇਤੀਬਾੜੀ ਸੈਕਟਰ ਵਾਸਤੇ 8-ਘੰਟੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਨਾਉਣ ਲਈ ਜੁਲਾਈ ਤੋਂ ਅਕਤੂਬਰ, 2010 ਦੇ ਮੱਧ ਤੱਕ ਕੇਂਦਰੀ ਸੈਕਟਰ ਜਨਰੇਸ਼ਨ ਸਟੇਸ਼ਨ ਤੋਂ ਅਨ-ਐਲੋਕੇਟਿਡ ਪਾਵਰ ਵਿਚੋਂ 345 ਮੈਗਾਵਾਟ ਬਿਜਲੀ ਦੇਣਾ ਮੰਨ ਲਿਆ ਹੈ। ਮੁੱਖ ਮੰਤਰੀ ਦੇ ਨਾਲ ਲੋਕ ਨਿਰਮਾਣ ਮੰਤਰੀ (ਭਵਨ ਤੇ ਮਾਰਗ) ਸ. ਪਰਮਿੰਦਰ ਸਿੰਘ ਢੀਂਡਸਾ ਅੱਜ ਸਵੇਰੇ ਸ੍ਰੀ ਸਿੰਦੇ ਦੇ ਦਫਤਰ 'ਸ਼੍ਰਮ ਸਕਤੀ ਭਵਨ' ਨਵੀਂ ਦਿੱਲੀ ਵਿਖੇ ਉਨ੍ਹਾਂ ਨੂੰ ਮਿਲੇ। ਗੱਲਬਾਤ ਵਿੱਚ ਹਿੱਸਾ ਲੈਂਦੇ ਹੋਏ ਸ. ਬਾਦਲ ਨੇ ਝੋਨੇ ਸੀਜਨ ਦੌਰਾਨ ਅਨ-ਐਲੋਕੇਟਿਡ ਪਾਵਰ ਦਾ ਕੇਂਦਰੀ ਕੋਟਾ 10 ਫੀਸਦੀ ਤੋਂ ਵਧਾ ਕੇ 30 ਫੀਸਦੀ ਕਰਨ ਦੀ ਮੰਗ ਕੀਤੀ। ਸ. ਬਾਦਲ ਨੇ ਕਿਹਾ ਕਿ ਝੋਨੇ ਦੀ ਸੀਜਨ ਦੌਰਾਨ ਅਨ-ਐਲੋਕੇਟਿਡ ਪਾਵਰ ਦੇ ਕੇਂਦਰੀ ਸੈਕਟਰ ਜਨਰੇਟਿੰਗ ਸਟੇਸ਼ਨਾਂ ਤੋਂ 345 ਮੈਗਾਵਾਟ ਦੀ ਵੱਡ ਪਨਕਮ ਵਲੋਂ ਵਾਧੂ ਬਿਜਲੀ ਦੇ ਇਲਾਵਾ ਹੋਵੇਗੀ। ਸ. ਬਾਦਲ ਨੇ ਕੇਂਦਰੀ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਰੋਪੜ ਵਿਖੇ ਸਥਾਪਿਤ ਕੀਤੇ ਜਾ ਰਹੇ ਪੰਜਾਬ ਵਿੱਚ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਨੇ ਭਾਜਪਾ ਦੇ ਦੋਸ਼ ਨੂੰ ਖਾਰਿਜ ਕੀਤਾ

ਨਵੀਂ ਦਿੱਲੀ, 26 ਜੁਲਾਈ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੋਹਰਾਬੁਦੀਨ ਫਰਜ਼ੀ ਮੁਕਾਬਲੇ ਮਾਮਲੇ ਵਿੱਚ ਸੀ.ਬੀ.ਆਈ. ਦੇ ਦੁਰ-ਪ੍ਰਯੋਗ ਦੇ ਭਾਜਪਾ ਦੇ ਦੋਸ਼ ਨੂੰ ਖਾਰਿਜ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਜਾਂਚ ਦੀ ਪ੍ਰਕਿਰਿਆ ਨੂੰ ਕਿਸੇ ਵੀ ਤਰ੍ਹਾਂ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਹੈ। ਮਨਮੋਹਨ ਸਿੰਘ ਨੇ ਕਿਹਾ- ਭਾਜਪਾ ਦੇ ਦੋਸ਼ ਵਿੱਚ ਕੋਈ ਸੱਚਾਈ ਨਹੀਂ ਹੈ। ਵਿਰੋਧੀ ਧਿਰ ਇਸ ਨੂੰ ਚੰਗੀ ਤਰ੍ਹਾਂ ਜਾਣਦੀ ਹੈ। ਸੋਹਰਾਬੁਦੀਨ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ। ਮਾਨਸੂਨ ਸ਼ੈਸ਼ਨ ਦੇ ਪਹਿਲੇ ਦਿਨ ਸਾਂਸਦ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪੱਤਰਕਾਰਾਂ ਨੂੰ ਕਿਹਾ- ਕੇਂਦਰ ਨੇ ਜਾਂਚ ਪ੍ਰਕਿਰਿਆ ਨੂੰ ਕਿਸੇ ਵੀ ਤਰ੍ਹਾਂ ਨਾਲ ਪ੍ਰਭਾਵਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਮੈਂ ਇਹ ਫਿਰ ਤੋਂ ਕਹਿ ਰਿਹਾ ਹਾਂ। ਗੁਜਰਾਤ ਦੇ ਸਾਬਕਾ ਮੰਤਰੀ ਅਮਿਤ ਸ਼ਾਹ ਦੀ ਐਤਵਾਰ ਨੂੰ ਸੋਹਰਾਬੁਦੀਨ ਮਾਮਲੇ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਭਾਜਪਾ ਨੇ ਦੋਸ਼ ਲਗਾਇਆ ਸੀ ਕਿ ਸੀ.ਬੀ.ਆਈ. ਭਾਜਪਾ ਸ਼ਾਸਿਤ ਗੁਜਰਾਤ ਅਤੇ ਮੱਧ ਪ੍ਰਦੇਸ਼ ਨੂੰ ਨਿਸ਼ਾਨਾ ਬਣਾਉਂਦੇ ਹੋਏ ਪੱਖਪਾਤੀ ਤਰੀਕੇ ਨਾਲ ਕੰਮ ਕਰ ਰਹੀ ਹੈ, ਜਦਕਿ ਫਰਜ਼ੀ ਮੁਕਾਬਲੇ ਮਾਮਲੇ ਵਿੱਚ ਉਸ ਨੇ ਆਂਧਰਾ ਪ੍ਰਦੇਸ਼ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਹੈ ਕਿਉਂਕਿ ਉਥੇ ਕਾਂਗਰਸ ਸੱਤਾ ਵਿੱਚ ਹੈ।

## ਮਾਡਰਨ ਇਨਸੈਕਟੀਸਾਇਡਜ਼ ਵੱਲੋਂ ਡੀਲਰਾਂ ਅਤੇ ਡਿਸਟ੍ਰੀਬਿਊਟਰਾਂ ਨੂੰ ਝੋਨੇ ਅਤੇ ਨਰਮੇ 'ਤੇ ਸਪਰੇਅ ਕਰਨ ਸੰਬੰਧੀ ਜਾਣਕਾਰੀ ਦਿੱਤੀ

ਬਠਿੰਡਾ, 26 ਜੁਲਾਈ (ਮਲਕੀਤ ਸਿੰਘ ਬਰਾੜ, ਸੱਤਪਾਲ ਬਾਂਸਲ)- ਬਠਿੰਡਾ ਦੇ ਸਨਸਿਟੀ ਕਲਾਸਿਕ ਹੋਟਲ ਵਿੱਚ ਮਾਡਰਨ ਇਨਸੈਕਟੀਸਾਈਡਜ਼ ਲਿਮਟਿਡ ਲੁਧਿਆਣਾ ਵੱਲੋਂ ਗੋਨਿਆਣਾ ਮੰਡੀ ਅਤੇ ਬਠਿੰਡਾ ਦੇ ਡੀਲਰਾਂ ਅਤੇ ਡਿਸਟੀਬਿਊਟਰਾਂ ਨਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ 60-65 ਦੇ ਲੱਗਭੱਗ ਡੀਲਰਾਂ ਅਤੇ ਡਿਸਟੀਬਿਊਟਰਾਂ ਨੇ ਹਿੱਸਾ ਲਿਆ। ਸੁਖਮੰਦਰ ਸਿੰਘ ਬੁੱਟਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਮੀਟਿੰਗ ਦੇ ਸ਼ੁਰੂ ਵਿੱਚ ਕੰਪਨੀ ਦੇ ਸੀਨੀਅਰ ਸਟਾਫ ਨੇ ਡੀਲਰਾਂ ਅਤੇ ਡਿਸਟੀਬਿਊਟਰਾਂ ਨੂੰ ਫਸਲਾਂ ਦੇ ਕੀੜੇ ਮਕੌੜੇ, ਬਿਮਾਰੀਆਂ ਅਤੇ ਖਾਦਾਂ ਉਨ੍ਹਾਂ ਦੇ ਸਹੀ ਇਲਾਜ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਬਲਦੇਵ ਸਿੰਘ ਬਰਾੜ ਸੀਨੀਅਰ ਏਰੀਆ ਮੈਨੇਜਰ ਅਤੇ ਕੰਪਨੀ ਦੇ ਬਿਜਨੈੱਸ ਪਲਾਨ, ਨਵੀਆਂ ਪਾਲਸੀਆਂ, ਕੰਪਨੀ ਦੀਆਂ ਪ੍ਰਾਪਤੀਆਂ ਕਿ ਇਸ ਸਫਲਤਾ ਨਾਲ ਕੰਪਨੀ ਨਿੱਤ ਨਵੀਆਂ ਬੁਲੰਦੀਆਂ ਛੂਹ ਰਹੀ ਹੈ, ਬਾਰੇ ਜਾਣਕਾਰੀ ਦਿੱਤੀ। ਸ੍. ਮਲਕੀਤ ਸਿੰਘ ਮਾਨ ਏਰੀਆ ਮੈਨੇਜਰ ਨੇ ਝੋਨੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਝੋਨੇ ਦੇ ਨਿਸਾਰੇ ਸਮੇਂ 200 ਮਿ. ਲੀਟਰ ਚਾਰਜਰ ਸਪਰੇਅ ਦਾ ਛਿੜਕਾਓ ਕਰਨਾ ਚਾਹੀਦਾ ਹੈ। ਸ੍. ਬਲਜੀਤ ਸਿੰਘ ਬਰਾੜ ਸੀਨੀਅਰ ਮਾਰਕੀਟਿੰਗ ਮੈਨੇਜਰ ਨੇ ਨਰਮੇ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚਿੱਟੀ ਮੱਖੀ ਵਾਸਤੇ ਟ੍ਰਸ ਦਵਾਈ ਦੀ ਮਾਤਰਾ 600 ਮਿ. ਲੀਟਰ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਿਮਾਰੀ ਦਾ ਇਲਾਜ, ਬੀਮਾਰੀ ਆਉਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ। ਬੈਕਟੀਰੀਅਲ ਬਲਾਇਟ ਦੀ ਰੋਕਥਾਮ ਲਈ ਬਲਿਊ ਟੌਕਸ ਦੀਆਂ ਦੋ ਸਪਰੇਆਂ ਹਫਤੇ-ਹਫਤੇ ਦੀ ਵਿੱਥ 'ਤੇ ਮੌਨਸੂਨ ਦਾ ਪਹਿਲਾ ਮੀਂਹ ਪੈਣ ਤੋਂ ਬਾਅਦ 500 ਗਰਾਮ ਪ੍ਰਤੀ ਏਕੜ ਦੇ (ਬਾਕੀ ਸਫਾ 2 'ਤੇ)

## ਇੰਟਰਸੈਪਟਰ ਮਿਜ਼ਾਇਲ ਦਾ ਸਫ਼ਲ ਪ੍ਰੀਖਣ

ਬਾਲੇਸ਼ਵਰ, 26 ਜੁਲਾਈ (ਵਿਸ਼ਵ ਵਾਰਤਾ)-ਭਾਰਤ ਨੇ ਅੱਜ ਆਪਣੇ ਇੰਟਰਸੈਪਟਰ ਮਿਜ਼ਾਇਲ ਦਾ ਸਫ਼ਲ ਪ੍ਰੀਖਣ ਕੀਤਾ। ਇਹ ਪ੍ਰੀਖਣ ਉੜੀਸਾ ਦੇ ਤੱਟੀ ਹਿੱਸੇ ਵਿੱਚ ਵ੍ਹੀਲਰ ਆਈਲੈਂਡ ਸਥਿਤ ਏਕੀਕ੍ਰਤ ਪ੍ਰੀਖਣ ਰੇਂਜ ਤੋਂ ਕੀਤਾ ਗਿਆ। ਇਹ ਇੰਟਰਸੈਪਟਰ ਮਿਜ਼ਾਇਲ ਦੁਸ਼ਮਣ ਵੱਲੋਂ ਦਾਗੇ ਗਏ ਬੈਲਿਸਟਿਕ ਮਿਜ਼ਾਇਲ ਨੂੰ ਤਬਾਹ ਕਰ ਸਕਦਾ ਹੈ। ਰੱਖਿਆ ਸੂਤਰਾਂ ਨੇ ਦੱਸਿਆ ਕਿ ਪੂਰੀ ਤਰ੍ਹਾਂ ਬਹੁ-ਪੱਧਰੀ ਬੈਲਿਸਟਿਕ ਮਿਜ਼ਾਇਲ (ਬੀ.ਐਮ.ਡੀ.) ਪ੍ਰਣਾਲੀ ਦੇ ਵਿਕਾਸ ਦੇ ਉਦੇਸ਼ ਲਈ ਇਹ ਪ੍ਰੀਖਣ ਉੜੀਸਾ ਦੇ ਤੱਟੀ ਹਿੱਸੇ ਵਿੱਚ ਆਈ.ਟੀ.ਆਰ. ਨੂੰ ਦੋ ਪ੍ਰੀਖਣ ਸਥਾਨਾਂ ਤੋਂ ਕੀਤਾ ਗਿਆ। ਸੂਤਰਾਂ ਨੇ ਦੱਸਿਆ ਕਿ ਇੰਟਰਸੈਪਟਰ 'ਏ.ਏ.ਡੀ.' ਮਿਜ਼ਾਇਲ ਨੂੰ ਚਾਂਦੀਪੁਰ ਤੋਂ ਕਰੀਬ 70 ਕਿਲੋਮੀਟਰ ਦੂਰ ਵ੍ਹੀਲਰ ਆਈਲੈਂਡ 'ਤੇ ਤਾਇਨਾਤ ਕੀਤਾ ਗਿਆ ਹੈ। ਇਸ ਨੇ ਰਡਾਰ ਤੋਂ ਸਿਗਨਲ ਮਿਲਦਿਆਂ ਹੀ ਨਿਰਧਾਰਿਤ ਮਿਜ਼ਾਇਲ ਦਾ ਪਤਾ ਲਗਾਇਆ ਅਤੇ ਸਮੁੰਦਰ ਦੇ ਉਪਰ ਹਵਾ ਵਿੱਚ ਇੱਕ ਨਿਸਚਿਤ ਉਚਾਈ 'ਤੇ ਇਸ ਨੂੰ ਰੋਕ ਲਿਆ।

## ਪਾਕਿ : ਡਰੋਨ ਹਮਲਿਆਂ 'ਚ 18 ਦੀ ਮੌਤ

ਇਸਲਾਮਾਬਾਦ, 26 ਜੁਲਾਈ (ਵਿਸ਼ਵ ਵਾਰਤਾ)-ਪਾਕਿਸਤਾਨ ਦੇ ਉਤਰੀ ਅਤੇ ਦੱਖਣੀ ਵਜੀਰਿਸਤਾਂਲ ਖੇਤਰ ਵਿੱਚ ਅਮਰੀਕਾ ਦਾ ਚਾਲਕ ਰਹਿਤ ਜਹਾਜ਼ ਡਰੋਨ ਦੇ ਹਮਲਿਆਂ ਵਿੱਚ 18 ਲੋਕਾਂ ਦੀ ਮੌਤ ਹੋ ਗਈ ਹੈ। ਸੂਤਰਾਂ ਮੁਤਾਬਿਕ ਮਿਰਾਨਸ਼ਾਹ ਤੋਂ ਚਾਰ ਕਿਲੋਮੀਟਰ ਦੂਰ ਤਾਬੀ ਇਲਾਕੇ ਵਿੱਚ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਦੋ ਮਿਜ਼ਾਇਲਾਂ ਦਾਗੀਆਂ ਗਈਆਂ। ਇਹ ਹਮਲਾ ਕੱਲ੍ਹ ਦੇਰ ਰਾਤ ਕੀਤਾ ਗਿਆ। ਇਸ ਹਮਲੇ ਵਿੱਚ ਚਾਰ ਲੋਕ ਮਾਰੇ ਗਏ ਜਦਕਿ ਦੋ ਹੋਰ ਜ਼ਖਮੀ ਹੋ ਗਏ ਹਨ। ਮਿਰਾਨਸ਼ਾਹ ਦੇ ਬਾਹਰੀ ਇਲਾਕੇ ਦਰਗਾਹ ਮੰਤਰੀ ਵਿੱਚ ਵੀ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ । ਇਸ ਤੋਂ ਪਹਿਲਾਂ, ਦੱਖਣੀ ਵਜੀਰਿਸਤਾਨ ਦੇ ਸਕਤੋਈ ਇਲਾਕੇ ਵਿੱਚ ਅਮਰੀਕੀ ਡਰੋਨ ਤੋਂ ਚਾਰ ਮਿਜ਼ਾਇਲਾਂ ਦਾਗੀਆਂ ਗਈਆਂ ਜਿਸ ਵਿੱਚ 14 ਲੋਕਾਂ ਦੀ ਮੌਤ ਹੋ ਗਈ।

## ਬਾਬਾ ਨਿਧਾਨ ਸਿੰਘ ਦੇ ਜੀਵਨ ਤੇ ਸ਼ਖ਼ਸੀਅਤ ਬਾਰੇ ਵਿਸ਼ੇਸ਼ ਸੈਮੀਨਾਰ

ਜਲੰਧਰ, 26 ਜੁਲਾਈ (ਅ.ਬਾ.)- ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ (ਰਜਿ.) ਵੱਲੋਂ ਬਾਬਾ ਨਿਧਾਨ ਸਿੰਘ ਜੀ ਜੀਵਨ ਤੇ ਸ਼ਖ਼ਸੀਅਤ (ਹਜ਼ੂਰ ਸਾਹਿਬ ਵਾਲੇ) ਵਿਸ਼ੇਸ਼ ਸੈਮੀਨਾਰ ਮਿਤੀ 04 ਅਗਸਤ, 2010 ਨੂੰ 10.00 ਵਜੇ ਸਵੇਰੇ ਸੈਨੇਟ ਹਾਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਦਾ ਉਦਘਾਟਨ ਜਥੇਦਾਰ ਅਵਤਾਰ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਨਗੇ, ਜਦ ਕਿ ਪ੍ਰਧਾਨਗੀ ਡਾ. ਜਸਪਾਲ ਸਿੰਘ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਕਰਨਗੇ। ਇਸ ਦੇ ਵਿਸ਼ੇਸ਼ ਮਹਿਮਾਨ ਜਥੇਦਾਰ ਕ੍ਰਿਪਾਲ ਸਿੰਘ ਜੀ ਬਡੂੰਗਰ, (ਬਾਕੀ ਸਫਾ 2 'ਤੇ)

## ਜਦ ਨੰਨ੍ਹੀ ਭੈਣ ਨੇ ਇਕਲੌਤੇ ਵੀਰ ਦੀ ਮ੍ਰਿਤਕ ਦੇਹ 'ਤੇ ਰੱਖੜੀ ਬੰਨ੍ਹੀ

### ਸਮੂਹ ਨਗਰ ਦੀਆਂ ਭੁੱਬਾਂ ਨਿਕਲੀਆਂ, ਸੜਕ ਹਾਦਸੇ ਵਿੱਚ ਹੋਈ ਸੀ ਮੌਤ

ਸਮਾਲਸਰ, 26 ਜੁਲਾਈ (ਕੰਵਲਜੀਤ ਭੋਲਾ)-ਨਜ਼ਦੀਕ ਪਿੰਡ ਨਾਥੇਵਾਲਾ ਮੋਗਾ ਵਿਖੇ ਉਸ ਸਮੇਂ ਸੋਗ ਦਾ ਸੰਨਾਟਾ ਛਾ ਗਿਆ, ਜਦੋਂ ਇਕ 17 ਸਾਲਾ ਨੌਜਵਾਨ ਲੜਕੇ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਨਾਥੇਵਾਲਾ ਦੇ ਜਸਪਾਲ ਸਿੰਘ ਸਕਿਉਰਿਟੀ ਅਫਸਰ ਵਜੋਂ ਨੌਕਰੀ ਕਰ ਰਿਹਾ ਹੈ,ਦਾ ਲੜਕਾ ਭੁਪਿੰਦਰ ਸਿੰਘ ਜੋ ਕਿ 10+1 ਦਾ ਵਿਦਿਆਰਥੀ ਸੀ, ਰੋਜ਼ਾਨਾ ਦੀ ਤਰ੍ਹਾਂ ਫਰੀਦਕੋਟ ਵਿਖੇ ਟਿਊਸ਼ਨ ਪੜ੍ਹਨ ਜਾ ਰਿਹਾ ਸੀ। ਉਸ ਦਾ ਮੋਟਰ ਸਾਈਕਲ ਸਾਹਣਿਓਂ ਆ ਰਹੇ ਟ੍ਰੈਕਟਰ ਨਾਲ ਟਕਰਾ ਗਿਆ। ਇਸ ਹੋਈ ਜਬਰਦਸਤ ਟੱਕਰ ਵਿੱਚ ਭੁਪਿੰਦਰ ਸਿੰਘ ਦੀ ਮੌਤ ਹੋ ਗਈ, ਦਾ ਅੰਤਿਮ ਸੰਸਕਾਰ ਸ਼ਮਸ਼ਾਨਘਾਟ ਨਾਥੇਵਾਲਾ ਵਿਖੇ ਹਜ਼ਾਰਾਂ ਦੀ ਸੇਜਲ ਅੱਖਾਂ ਸਾਹਮਣੇ ਹੋਇਆ। ਸਰਦਾਰ ਜਸਪਾਲ ਸਿੰਘ ਦੇ ਹੋਣਹਾਰ ਬੇਟੇ ਭੁਪਿੰਦਰ ਸਿੰਘ ਦੀ ਘਰ ਵਿੱਚੋਂ ਅਰਥੀ ਉਠਾਉਣ ਤੋਂ ਪਹਿਲਾਂ ਮਾਹੌਲ ਉਸ ਸਮੇਂ ਬਹੁਤ ਹੀ ਗਮਗੀਨ ਹੋ ਗਿਆ ਅਤੇ ਸਾਰਿਆਂ ਦੀਆਂ ਉੱਚੀ-ਉੱਚੀ ਭੁੱਬਾਂ ਨਿਕਲ ਗਈਆਂ ਜਦੋਂ ਅਰਥੀ ਵਿੱਚ ਪਏ ਆਪਣੇ ਇੱਕੋ ਇੱਕ ਵੱਡੇ (ਬਾਕੀ ਸਫਾ 2 'ਤੇ)

### ਨਿਊਜ਼ ਪੇਪਰ ਏਜੰਟਾਂ ਤੇ ਪਾਠਕਾਂ ਦੇ ਧਿਆਨ ਹਿੱਤ

ਨਿਊਜ਼ ਪੇਪਰ ਏਜੰਟਾਂ ਅਤੇ ਪਾਠਕਾਂ ਨੂੰ ਅਖ਼ਬਾਰ ਦਾ ਬੰਡਲ ਨਾ ਮਿਲਣ ਬਾਰੇ ਕੋਈ ਸ਼ਿਕਾਇਤ ਹੋਵੇ ਜਾਂ ਕੋਈ ਹੋਰ ਮੁਸ਼ਕਿਲ ਪੇਸ਼ ਆਉਂਦੀ ਹੋਵੇ ਤਾਂ ਉਹ ਹੇਠ ਲਿਖੇ ਫੋਨ ਅਤੇ ਮੋਬਾਇਲ 'ਤੇ ਸੰਪਰਕ ਕਰ ਸਕਦੇ ਹਨ। 0181-2235707, 93171-04422, 93170-06161

-ਜਨਰਲ ਮੈਨੇਜਰ

## ਪੰਜਾਬ ਪੁਲਿਸ ਦਾ ਡੰਡੇ ਤੇ ਟੋਪੀ ਵਾਲਾ ਅਕਸ ਜ਼ਿਆਦਾ ਦੇਰ ਨਹੀਂ ਰਹੇਗਾ

### ਪੰਜਵੀਂ ਪੰਜ ਸਾਲਾ ਯੋਜਨਾ ਵਿੱਚ ਕੇਂਦਰ ਸਰਕਾਰ ਨੇ 2000 ਕਰੋੜ ਦਾ ਫੰਡ ਰੱਖਿਆ

ਚੰਡੀਗੜ੍ਹ, 26 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪੁਲਿਸ ਦਾ ਡੰਡੇ ਤੇ ਟੋਪੀ ਵਾਲਾ ਅਕਸ ਹੁਣ ਸਰਕਾਰ ਦੀ ਆਧੁਨਿਕ ਸੂਚਨਾ ਟੈਕਨਾਲੋਜੀ ਵਾਲੇ ਵਿਭਾਗ ਦੇ ਸਿਰ ਚਲੇ ਜਾਵੇਗਾ। ਹੁਣ ਭਵਿੱਖ ਵਿੱਚ ਪੁਲਿਸ ਦੇ ਮੁੱਖ ਕਾਰਗੁਜ਼ਾਰੀ ਆਈ.ਟੀ. ਇਕੱਠ ਕਰਨਗੇ, ਟੈਕਨਾਲੋਜੀ ਵਿੱਚ ਕੰਪਿਊਟਰ ਵਿੱਚ ਬੰਦ ਹੋ ਜਾਵੇਗਾ।

ਸਰਕਾਰ ਨੇ ਨੈਸ਼ਨਲ ਕਮੇਟੀ ਰਿਕਾਰਡ ਬਿਊਰੋ ਐੱਨ.ਸੀ.ਆਰ.ਬੀ. ਦਾ ਨੈਸ਼ਨਲ ਪੱਧਰ ਦਾ ਕੰਪਿਊਟਰੀਕਰਨ ਨੈੱਟ ਵਰਕ ਤਿਆਰ ਕਰਨ ਲਈ ਇਸ ਪੰਜਵੀਂ ਪੰਜ ਸਾਲਾ ਯੋਜਨਾ ਵਿੱਚ ਕੇਂਦਰ ਸਰਕਾਰ ਨੇ 2000 ਕਰੋੜ ਦਾ ਫੰਡ ਰੱਖਿਆ ਹੈ, ਜੋ ਸਾਰੇ ਰਾਜਾਂ ਲਈ ਵੱਖ-ਵੱਖ ਰਕਮਾਂ ਰੱਖੀਆਂ ਹਨ, ਜਿਵੇਂ ਕਿ ਪੰਜਾਬ ਲਈ ਕੇਂਦਰ ਸਰਕਾਰ ਨੇ 84 ਕਰੋੜ ਰੁਪਏ ਦਾ ਫੰਡ ਅਲਾਟ ਕੀਤਾ ਹੈ। ਜਦੋਂ ਪੰਜਾਬ ਸਰਕਾਰ ਨੂੰ ਇਸ ਫੰਡ ਵਿੱਚ ਪਹਿਲੇ ਫੇਜ ਵਿੱਚ ਅੱਜ 8 ਕਰੋੜ ਰੁਪਏ ਮਿਲੇ ਹਨ। ਪੰਜਾਬ ਪੁਲਿਸ ਦਾ (ਆਈ.ਟੀ.) ਇਨਫਰਮੇਸ਼ਨ ਟੈਕਨਾਲੋਜੀ ਵਿੰਗ ਹੈ, ਜੋ ਪੰਜਾਬ ਪੁਲਿਸ ਦੇ ਵੱਖ-ਵੱਖ ਵਿੰਗਾਂ ਤੇ ਸੈਲਾਂ ਦਾ 10 ਸਾਲਾ ਦਾ ਰਿਕਾਰਡ ਫੀਡ ਕੀਤਾ ਜਾਵੇਗਾ। ਇਸ ਸਮੇਂ ਪੰਜਾਬ ਪੁਲਿਸ ਹੈੱਡਕੁਆਰਟਰ ਤੇ ਨੈਸ਼ਨਲ ਕਮੇਟੀ ਰਿਕਾਰਡ ਬਿਊਰੋ ਦੀ ਸਕੀਮ ਦਾ ਕੰਮ ਪਿਛਲੇ ਡੇਢ ਸਾਲ ਤੋਂ ਚੱਲ ਰਿਹਾ ਹੈ। ਜਿਸ ਨੂੰ ਪੂਰਾ ਹੋਣ ਲਈ ਹੋਰ ਸਾਢੇ ਤਿੰਨ ਸਾਲ ਲੱਗਣਗੇ। ਪੁਲਿਸ ਵਿਭਾਗ ਹੁਣ ਤੱਕ ਇਸ ਸਕੀਮ ਤਹਿਤ ਜ਼ਿਲ੍ਹਾ ਪੱਧਰ 'ਤੇ ਕੋਈ 9000 ਪੁਲਿਸ ਕਰਮਚਾਰੀਆਂ ਨੂੰ ਟੈਨਿਸ ਦੇ ਚੁੱਕੀ ਹੈ, ਜਿਸ ਤਹਿਤ ਜ਼ਿਲ੍ਹਾ ਪੱਧਰ ਉੱਤੇ ਇਸ ਐੱਨ.ਸੀ.ਆਰ.ਬੀ. ਸਕੀਮ ਤਹਿਤ ਟੈਨਿਸ ਦੇਣ ਲਈ ਬਕਾਇਦਾ ਵਰਕਸ਼ਾਪਾਂ ਲਗਾਈਆਂ ਸਨ ਅਤੇ ਅੱਜ ਵੀ ਲਗਾਈਆਂ ਜਾ ਰਹੀਆਂ ਹਨ। ਸਾਰੇ ਜ਼ਿਲ੍ਹਿਆਂ ਹੈੱਡ ਕੁਆਰਟਰਾਂ 'ਤੇ ਕੰਪਿਊਟਰ ਲੈਬਾਰਟਰੀਆਂ ਕਾਇਮ ਕੀਤੀਆਂ ਗਈਆਂ ਹਨ। ਪੰਜਾਬ ਦੇ ਇੰਸਪੈਕਟਰ ਜਨਰਲ ਪੁਲਿਸ ਆਈ.ਟੀ. ਅਤੇ ਟੈਲੀਗ੍ਰਾਫ ਸ੍ਰੀ ਜਗਦੀਸ਼ ਮਿੱਤਲ ਨਾਲ ਇਸ ਸੰਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਨੈਸ਼ਨਲ ਕਮੇਟੀ ਰਿਕਾਰਡ ਬਿਊਰੋ ਪ੍ਰਾਜੈਕਟ ਦਾ ਕੰਮ ਪਿਛਲੇ ਡੇਢ ਸਾਲ ਤੋਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਐੱਨ.ਸੀ.ਆਰ.ਬੀ. ਵਿੱਚ ਅਦਾਲਤਾਂ, ਜੇਲ੍ਹਾਂ, ਰੇਲਵੇ ਦਾ ਕੰਮ ਕਾਰ ਕੰਪਿਊਟਰ ਵਿੱਚ ਫੀਡ ਕੀਤਾ ਜਾਵੇਗਾ। ਮਾਨਸਾ, ਮੁਹਾਲੀ ਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਪਹਿਲ ਦੇ ਆਧਾਰ 'ਤੇ ਚੱਲ ਰਿਹਾ ਹੈ। ਇਸ ਵਿੱਚ ਐਫ.ਆਈ. ਆਰ ਤੱਕ ਵੀ ਦਰਜ ਕੀਤੀ ਜਾਵੇਗੀ। 10 ਸਾਲਾ ਰਿਕਾਰਡ ਦੇ ਨਾਲ ਵਰਤਮਾਨ ਰਿਕਾਰਡ ਵੀ ਫੀਡ ਹੋਵੇਗਾ, ਜਿਸ ਵਿੱਚ ਪਾਸਪੋਰਟ ਇਨਕੁਆਰੀ, ਸ਼ਿਕਾਇਤ ਦਾ ਪ੍ਰੋਸੈਸ, ਪੁਲਿਸ ਵੈਰੀਫਿਕੇਸ਼ਨ, ਆਮ ਲੋਕਾਂ ਦੇ ਵੇਖਣ ਦੀ ਤੇ ਰਿਕਾਰਡ ਲੈਣ ਦੀ ਪਹੁੰਚ ਹੋਵੇਗੀ। ਸ੍. ਮਿੱਤਲ ਨੇ ਦੱਸਿਆ ਕਿ ਇਹ ਸਾਰੇ ਕੰਮ ਨੂੰ ਹੋਰ ਸਾਢੇ ਤਿੰਨ ਸਾਲ ਦਾ ਸਮਾਂ ਲੱਗੇਗਾ। ਉਸ ਤੋਂ ਬਾਅਦ ਸਾਰੇ ਪੁਲਿਸ ਵਿੰਗ ਤੇ ਰਿਕਾਰਡ ਤੇ ਕਾਰਗੁਜ਼ਾਰੀ ਦਾ ਕੰਪਿਊਟਰੀਕਰਨ ਹੋ ਜਾਵੇਗਾ।

### ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ (ਰਜਿ.)

ਵੱਲੋਂ

### ਬਾਬਾ ਨਿਧਾਨ ਸਿੰਘ ਜੀ : ਜੀਵਨ ਤੇ ਸ਼ਖ਼ਸੀਅਤ

(ਹਜ਼ੂਰ ਸਾਹਿਬ ਵਾਲੇ)

### ਵਿਸ਼ੇਸ਼ ਸੈਮੀਨਾਰ

ਮਿਤੀ 4 ਅਗਸਤ, 2010 ਨੂੰ 10.00 ਵਜੇ ਸਵੇਰੇ
ਸੈਨੇਟ ਹਾਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪ੍ਰੋਗਰਾਮ

**ਉਦਘਾਟਨ** : ਜਥੇਦਾਰ ਅਵਤਾਰ ਸਿੰਘ ਜੀ., ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
**ਪ੍ਰਧਾਨਗੀ** : ਡਾ. ਜਸਪਾਲ ਸਿੰਘ ਜੀ, ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਵਿਸ਼ੇਸ਼ ਮਹਿਮਾਨ** : ਜਥੇਦਾਰ ਕ੍ਰਿਪਾਲ ਸਿੰਘ ਜੀ ਬਡੂੰਗਰ, ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
**ਵਿਦਵਾਨ ਬੁਲਾਰੇ** : ਡਾ. ਕ੍ਰਿਪਾਲ ਸਿੰਘ ਜੀ ਇਤਿਹਾਸਕਾਰ, ਡਾ. ਪ੍ਰਿਥੀਪਾਲ ਸਿੰਘ ਜੀ ਕਪੂਰ, ਗਿਆਨੀ ਬਲਵੰਤ ਸਿੰਘ ਜੀ ਕੋਠਾਗੁਰੂ

*ਆਪ ਜੀ ਨੂੰ ਹਾਰਦਿਕ ਸੱਦਾ ਹੈ ਜੀ।*

ਸਵਾਗਤ ਕਰਤਾ

ਸ. ਰਣਜੀਤ ਸਿੰਘ ਜੰਜੂਆ, ਯੂ. ਐਸ. ਏ. (ਮੁੱਖ ਸਰਪ੍ਰਸਤ)
ਪ੍ਰੋ. ਗੁਰਬੀਰ ਸਿੰਘ
ਡਾ. ਅਮਰਜੀਤ ਸਿੰਘ
ਡਾ. ਸਾਹਿਬ ਸਿੰਘ ਪ੍ਰਿੰਸੀਪਲ
ਡਾ. ਅਮਰ ਸਿੰਘ
ਸ. ਸੁਖਵਿੰਦਰ ਸਿੰਘ ਜਨਰਲ ਸਕੱਤਰ

ਪਰਮਜੀਤ ਸਿੰਘ ਸਰੋਆ
ਚੇਅਰਮੈਨ,
ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ(ਰਜਿ.)

ਸੰਪਰਕ: 98558-95558, 94174-05209

ਸਥਾਨਦਾਤਾ : ਰੋਜ਼ਾਨਾ 'ਅੱਜ ਦੀ ਆਵਾਜ਼'